بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.06.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਜੂਨ ਸਨ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਇਹ ਦਿਨ ਜੋ ਰੱਬ ਦੀਆਂ ਮਿਹਰਾਂ ਨਾਲ ਪਵਿੱਤਰ ਪਰਿਵਰਤਨ ਪੈਦਾ ਕਰਨ ਤੇ ਦੁਆ ਦੀ ਪਰਵਾਨਗੀ ਦੇ ਰੱਬ ਨੇ ਸਾਨੂੰ ਪ੍ਰਦਾਨ ਕੀਤੇ ਹਨ ਇਹਨਾਂ ਵਿੱਚ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਜਿਸ ਜਿਸ ਨੂੰ ਜਿਸ ਜਿਸ ਗੱਲ'ਤੇ ਫ਼ਖ਼ਰ (ਹੰਕਾਰ) ਹੈ ਜਾਂ ਜੋ ਚੀਜ਼ ਸਾਡੀ ਵਿਨਮ੍ਰਤਾ ਤੇ ਆਜਜ਼ੀ ਵਿੱਚ ਵਧੱਣ ਵਿੱਚ ਰੋਕ ਹੈ ਜਾਂ ਜੋ ਚੀਜ ਵੀ ਸਾਡੇ ਵਾਤਾਵਰਣ ਵਿੱਚ ਸਾਡੇ ਕਰਕੇ ਬੇ ਚੈਨੀ ਤੇ ਉਪਦੱਰ ਦਾ ਸਬਬ ਬਣ ਸਕਦੀ ਹੈ ਉਸ ਨੂੰ ਅਸੀਂ ਰੱਬ ਵੱਲ ਝੁਕਦਿਆਂ ਹੋਇਆਂ ਉਸ ਤੋਂ ਮਦਦ ਮੰਗਦਿਆਂ ਹੋਇਆਂ ਦੂਰ ਕਰਨ ਦਾ ਜਤਨ ਕਰਨਾ ਚਾਹੀਦਾ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਨੂੰ ਕੇਵਲ ਗੱਲਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਇਹ ਮੂਲ ਉਦੇਸ਼ ਨਹੀਂ । ਨਫ਼ਸ ਦੀ ਪੜਚੋਲ ਅਤੇ ਸੁਧਾਰ ਜ਼ਰੂਰੀ ਹੈ ਜਿਸ ਕਰਕੇ ਰੱਬ ਨੇ ਮੈਨੂੰ ਨਿਯੁਕਤ ਕੀਤਾ ਹੈ । ਸੋ, ਆਪ ਜਾਣਦੇ ਹਨ ਕਿ ਜਮਾਤ ਵਿੱਚ ਕਰਮ ਰੂਪੀ ਤਬਦੀਲੀ ਪੈਦਾ ਹੋਵੇ । ਜੱਦ ਆਪ ਨੇ ਫ਼ਰਮਾਇਆ ਕਿ ਕੇਵਲ ਗੱਲਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਇਸ ਦਾ ਅਰਥ ਇਹ ਹੈ ਕੇਵਲ ਗੱਲਾਂ ਤੱਕ ਹੀ ਨ ਰਹੋ, ਇਹ ਨ ਹੋਵੇ ਕਿ ਜਿੱਥੇ ਆਪਣਾ ਸੁਆਰਥ ਹੋਵੇ ਓਥੇ ਆਪਣੀ ਗੱਲ ਬਦਲ ਲਓ ਆਪਣੇ ਆਚਰਣ ਦੇ ਮਿਆਰ ਨੂੰ ਸਿਥਰ ਨ ਰੱਖ ਸਕੋ ਸਗੋਂ ਈਮਾਨ ਤੇ ਰੱਬ ਦੀਆਂ ਗੱਲਾਂ ਉਪੱਰ ਅਮਲ ਕਰਨ ਅਤੇ ਆਪਣੇ ਨਫ਼ਸ ਦੇ ਸੁਧਾਰ ਅਤੇ ਹਮੇਸ਼ਾ ਪਾਕ ਰਖੱਣਾ ਆਪਣੇ ਜੀਵਨ ਦਾ ਹਿਸੱਾ ਬਣਾ ਲਓ ਅਤੇ ਜੱਦ ਇਹ ਹੋਵੇਗਾ ਤਾਂ ਆਪਦਾ ਬੈਅਤ ਵਿੱਚ ਆਉਣ ਦਾ ਹੱਕ ਪੂਰਾ ਹੋਵੇਗਾ ਅਤੇ ਇਸੇ ਉਦੇਸ਼ ਲਈ ਰੱਬ ਨੇ ਆਪਨੂੰ ਭੇਜਿਆ ਹੈ ।

ਸੋ, ਇਕ ਅਹਮਦੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਆਪ ਦੀ ਬੈਅਤ ਦਾ ਹੱਕ ਪੂਰਾ ਕਰਨ ਲਈ ਰੱਬ ਦੇ ਆਦੇਸ਼ਾਂ ਦਾ ਧਿਆਨ ਰਖੱਣਾ ਜ਼ਰੂਰੀ ਹੈ ਉਹਨਾਂ'ਤੇ ਅਮਲ ਕਰਨਾ ਜ਼ਰੂਰੀ ਹੈ । ਅਤੇ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਦੀ ਰਜ਼ਾ ਸਾਡੇ ਸੰਮੁੱਖ ਹੋਵੇ । ਬੀਤਿ ਜੁਮਏ ਵਿੱਚ ਮੈਂ ਦੱਸਿਆ ਸੀ ਕਿ ਰੱਬ ਫ਼ਰਮਾਉਂਦਾ ਹੈ ਕਿ ਜੇਕਰ ਤੁਸੀਂ ਦੁਆਵਾਂ ਦੀ ਪਰਵਾਨਗੀ ਦੇ ਦ੍ਰਿਸ਼ ਦੇਖਣੇ ਚਾਹੁੰਦੇ ਹੋ ਤਾਂ (فَلۡيَسۡتَجِيۡبُوۡا لِيۡ) 'ਫ਼ਲਯਸਤਾਜੀਬੂਲੀ' ਇਸ ਉਪੱਰ ਅਮਲ ਕਰੋ, ਮੇਰੇ ਆਦੇਸ਼ਾਂ ਨੂੰ ਪਰਵਾਨ ਕਰੋ । ਇਹ ਰੱਬ ਦੇ ਆਦੇਸ਼ਾਂ ਨੂੰ ਪਰਵਾਨ ਕਰਨਾ ਕੀ ਹੈ, ਇਹ ਸਾਡੀ ਪੂਰੀ ਸਮਰਥਾ ਨਾਲ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨਾ ਹੈ। ਆਪਣੇ ਜੀਵਨ ਨੂੰ ਰੱਬ ਦੇ ਅਦੇਸ਼ਾਂ ਅਨੁਸਾਰ ਢਾਲ੍ਹਣਾ ਹੈ । ਸੋ, ਰਮਜ਼ਾਨ ਦੇ ਇਸ ਵਿਸ਼ੇਸ਼ ਵਾਤਾਵਰਣ ਵਿੱਚ ਸਨੂੰ ਇਹ ਪੜਚੋਲ ਕਰਨੀ ਚਾਹੀਦੀ ਹੈ ਕਿ ਅਸੀਂ ਕਿੱਥੋਂ ਤੱਕ ਰੱਬ ਦੇ ਅਦੇਸ਼ਾਂ ਉਪੱਰ ਅਮਲ ਕਰ ਰਹੇ ਹਾਂ, ਜੇਕਰ ਨਹੀਂ ਤਾਂ ਸਾਡੇ ਇਹ ਜ਼ੁਬਾਨੀ

ਦਾਵੇ ਹੋਣਗੇ ਕਿ ਅਸੀਂ ਰੱਬ ਦੇ ਅਦੇਸ਼ਾਂ ਨੂੰ ਪਰਵਾਨ ਕਰਦੇ ਹਾਂ । ਰੱਬ ਨੇ ਕੁਰਆਨ ਕਰੀਮ ਵਿੱਚ ਅਥਾਹ ਅਦੇਸ਼ ਦਿਤੇ ਹਨ ਇਹਨਾਂ ਆਦੇਸ਼ਾਂ ਨੂੰ ਹਮੇਸ਼ਾ ਸਾਹਮਣੇ ਲਿਆਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸੁਧਾਰ ਵੱਲ ਸਾਡਾ ਧਿਆਨ ਬਣਿਆ ਰਹੇ । ਇਸ ਸਮੇਂ ਉਹਨਾਂ ਵਿੱਚੋ ਜੋ ਰੱਬ ਨੇ ਅਦੇਸ਼ ਦਿੱਤੇ ਹਨ ਕੁਝ ਗੱਲਾਂ ਪੇਸ਼ ਕਰਦਾ ਹੈਂ ਜੋ ਜਿੱਥੇ ਸਾਡੇ ਨਫ਼ਸ ਦੇ ਪੜਚੋਲ ਵਿੱਚ ਭੂਮਿਕਾ ਨਿਭਾਉਂਦੇ ਹਨ ਉੱਥੇ ਸਮਾਜ ਵਿੱਚ ਪਿਆਰ, ਸਨੇਹ ਤੇ ਸ਼ਾਂਤੀ ਦਾ ਵਾਤਾਵਰਣ ਪੈਦਾ ਕਰਦੇ ਹਨ । ਕੁਰਆਨ ਕਰੀਮ ਵਿੱਚ ਅਲੱਾਹ ਫ਼ਰਮਾਉਦਾ ਹੈ ਕਿ (وَعِبَادُ الرَّحْمَٰنِ الَّذِينَ يَمْشُونَ عَلَى الْأَرْضِ هَوْنًا وَإِذَا خَاطَبَهُمُ الْجَاهِلُونَ قَالُوا سَلَامًا (الفرقان 64) 'ਵ ਇਬਾਦੁਰ ਰਹਮਾਨਿਲੱਜ਼ੀ ਯਮਸ਼ੂਨਾ ਅਲਲ ਅਰਜ਼ਿ ਹੌਨੰਵ ਵ ਇਜ਼ਾ ਖ਼ਾਤਾਬਾਹੁਮੁਲ ਜਾਹਿਲੂਨਾ ਕਾਲੂ ਸਲਾਮਾ 0' ਅਤੇ ਰਹਮਾਨ (ਰੱਬ) ਦੇ ਸੱਚੇ ਬੰਦੇ ਉਹ ਹੁੰਦੇ ਹਨ ਜੋ ਧਰਤੀ ਉਪੱਰ ਆਰਾਮ ਤੇ ਵਕਾਰ ਨਾਲ ਚਲਦੇ ਹਨ ਹੰਕਾਰ ਨਹੀਂ ਕਰਦੇ ਅਤੇ ਜੱਦ ਜਾਹਲ ਲੋਕ ਉਹਨਾਂ ਤੋਂ ਸੰਬੋਧਤ ਹੁੰਦੇ ਹਨ ਤਾਂ ਉਹ ਲੜਦੇ ਨਹੀਂ ਸਗੋਂ ਕਹਿੰਦੇ ਹਨ ਕਿ ਅਸੀਂ ਤੁਹਾਡੇ ਲਈ ਸਲਾਮਤੀ ਦੀ ਦੁਆ ਕਰਦੇ ਹਾਂ ।

ਸੋ, ਸੰਖੇਪ ਵਿੱਚ ਇਸ ਮਹਾਨ ਆਚਰਣਕ ਤੇ ਇਨਕਲਾਬੀ ਸਿੱਖਿਆ ਦਾ ਚਿਤੱਰ ਖਿੱਚ ਦਿੱਤਾ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਲਿਆਏ ਸਨ ਅਤੇ ਆਬ ਦੇ ਮਨ੍ਹਣ ਵਾਲਿਆਂ ਨੇ, ਆਪ ਦੇ ਸਹਾਬਾ ਨੇ ਇਹਨਾਂ ਗੁਣਾ ਨੂੰ ਆਪਨੇ ਅੰਦਰ ਪੈਦਾ ਕੀਤਾ । ਉਹ ਸਮਾਂ ਜੱਦ ਦੁਨੀਆਂ ਅੰਧਕਾਰ ਵਿੱਚ ਡੁੱਬੀ ਹੋਈ ਸੀ ਅਤੇ ਸ਼ੈਤਾਨ ਦੇ ਪੰਜੇ ਵਿੱਚ ਜਕੜੀ ਹੋਈ ਸੀ ਅਣਖ, ਖ਼ੁਦ ਪਸੰਦੀ, ਹੰਕਾਰ, ਹਉਮੈ ਅਤੇ ਉਪਦੱਰਾਂ ਨੇ ਦੁਨੀਆਂ ਨੂੰ ਤਬਾਹੀ ਦੀਆਂ ਖੱਡਾਂ ਵਿੱਚ ਸੁੱਟਿਆ ਹੋਇਆ ਸੀ । ਉਸ ਸਮੇਂ ਦੁਨੀਆ ਨੂੰ ਉੱਚ ਆਚਰਣ, ਵਿਨਮ੍ਰਤਾ ਤੇ ਹਲੀਮੀ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਨ ਕੇਵਲ ਪਾਠ ਦਿੱਤਾ ਸਗੋਂ ਅਜਿਹੇ ਮਨੁੱਖ ਪੈਦਾ ਕੀਤੇ ਜੋ ਇਸ ਆਇਤ ਦੇ ਅਮਲੀ ਨਮੂਨੇ ਸਨ । ਅੱਜ ਵੀ ਦੁਨੀਆ ਦੀ ਇਹੋ ਅਵਸਥਾ ਹੈ ਅਤੇ ਇਸ ਜੁੱਗ ਵਿੱਚ ਵੀ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਅਮ ਦੇ ਸੱਚੇ ਗ਼ੁਲਾਮ ਨੂੰ ਭੇਜਕੇ ਅਜਿਹੇ ਇਬਾਦੁਰੱਹਮਾਨ ਲੋਕਾਂ ਦੀ ਜਾਮਤ ਬਨਾਉਣ ਲਈ ਆਪ ਨੂੰ ਨਿਯੁਕਤ ਕੀਤਾ । ਇਸ ਲਈ ਆਪ ਦੀ ਜਮਾਤ ਵੱਲ ਮੜ੍ਹੇ ਜਾਣ ਵਾਲੇ ਹਰ ਵਿਅਕਤੀ ਨੂੰ ਇਸ ਮਿਆਰ ਨੂੰ ਆਪਣੇ ਸਾਹਮਣੇ ਰਖੱਣ ਦੀ ਲੋੜ ਹੈ । 'ਇਬਾਦੁਰੱਹਮਾਨ' ਬਾਰੇ ਜਿਵੇਂ ਕਿ ਆਇਤ ਵਿੱਚ ਰੱਬ ਫ਼ਰਮਾਉਂਦਾ ਹੈ ਕਿ (يَمْشُونَ عَلَى الْأَرْضِ هَوْنًا) 'ਯਮਸ਼ੂਨਾ ਅਲਲ ਅਰਜ਼ਿ ਹੌਨਾ' ਕਿ ਧਰਤੀ ਉਪੱਰ ਅਰਾਮ ਨਾਲ ਵਕਾਰ ਨਾਲ ਵਿਨਮ੍ਰਤਾ ਤੇ ਹਲੀਮੀ ਨਾਲ ਅਤੇ ਬਿਨਾ ਹੰਕਾਰ ਦੇ ਚਲਦੇ ਹਨ ।

ਸੋ, ਰਮਜ਼ਾਨ ਜਿਸ ਵਿੱਚ ਰੱਬ ਨੇ ਇਹ ਖ਼ੁੱਸ਼ਖਬਰੀ ਹਜ਼ਰਤ ਮੁਹਮੱਦ ਸਲਲਲਾਹੁ ਅਲਹਿ ਵਸਲਅਮ ਰਾਹੀਂ ਸਾਨੂੰ ਦਿਤੀ ਹੈ ਕਿ ਇਸ ਵਿੱਚ ਨਰਕਾਂ ਦੇ ਬੂਹੇ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਸਵਰਗਾਂ ਦੇ ਬੂਹੇ ਖੋਲ ਦਿੱਤੇ ਜਾਂਦੇ ਹਨ ਅਤੇ ਰੱਬ ਵੀ ਬੰਦਿਆਂ ਦੇ ਨੇੜੇ ਆ ਜਾਂਦਾ ਹੈ । ਰੱਬ ਤਾਂ ਹਰ ਸਮੇਂ ਹਰ ਥਾਂ ਮੌਜੂਦ ਹੈ । ਰੱਬ ਦਾ ਹੇਠਲੇ ਅਕਾਸ਼ ਉਪੱਰ ਆ ਜਾਣ ਦਾ ਭਾਵ ਇਹ ਹੈ ਕਿ ਨੇਕ ਅਮਲਾਂ ਦਾ ਪਹਿਲਾਂ ਤੋਂ ਵੱਧ ਕੇ ਵਟਾਂਦਰਾ ਦਿੰਦਾ ਹੈ, ਦੁਆਵਾਂ ਨੂੰ ਪਰਵਾਨ ਕਰਦਾ ਹੈ । ਸੋ, ਹਰ ਇਮਾਨ ਦਾ ਦਾਵਾ ਕਰਨ ਵਾਲੇ ਨੂੰ ਹਰ ਅਹਮਦੀ ਨੂੰ ਜੋ ਕਿ ਹਕੀਕੀ ਮੁਸਲਮਾਨ ਹੈ ਜਿਸ ਨੇ 'ਇਬਾਦੁਰੱਹਮਾਨ' ਬਨਣ ਲਈ ਹਜ਼ਰਤ ਮੁਹੰਦ ਸਲਲੱਾਹੁ ਅਲਹਿ ਵਸਲਅਮ ਦੇ ਸੱਚੇ ਗ਼ੁਲਾਮ ਦੀ ਬੈਅਤ ਕੀਤੀ ਹੈ ਆਪਣੇ ਜਾਇਜ਼ੇ ਲੈਂਦੇ ਹੋਏ ਵਿਨਮ੍ਰਤਾ ਦਿਖਾਉਂਦੇ ਹੋਏ ਹੰਕਾਰ ਨੂੰ ਮੁਕਾਉਂਦਿਆਂ ਹੋਇਆਂ ਆਪਣੇ ਸਮਾਜ ਵਿੱਚ ਆਪਣੇ ਘਰਾਂ ਵਿੱਚ ਆਪਣੇ ਮਾਹੌਲ ਵਿੱਚ ਝਗੜਿਆਂ ਤੇ ਉਪਦੱਰਾਂ ਨੂੰ ਖ਼ਤਮ ਕਰਨ ਦਾ ਜਤਨ ਕਰਦਿਆਂ ਹੋਇਆਂ ਅਮਨ ਤੇ ਸ਼ਾਂਤੀ ਨੂੰ ਫ਼ੈਲਾਉਂਣਾ ਚਾਹੀਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਇਸ ਬਾਰੇ ਆਪਣਾ ਨਮੂਨਾ ਸਾਡੇ ਸਾਹਮਣੇ ਕਾਇਮ ਕਰਕੇ ਦਿਖਾਇਆ ਹੈ ਅਤੇ ਵੱਖ ਵੱਖ ਮੌਕਿਆਂ ਉਪੱਰ ਨਸੀਹਤਾਂ ਵੀ ਕੀਤੀਆਂ ਹਨ । ਆਪ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਖ਼ੁਦਾ ਤਆਲਾ ਨੇ ਮੈਨੂੰ ਫ਼ਰਮਾਇਆ ਹੈ ਕਿ ਇਸ ਹੱਦ ਤੱਕ ਵਿਨਮ੍ਰਤਾ ਧਾਰਣ ਕਰੋ ਕਿ ਕੋਈ ਕਿਸੇ ਉਪੱਰ ਮਾਣ ਨ ਕਰੇ ।

ਇਕ ਵਾਰ ਇਕ ਯਹੂਦੀ ਨੇ ਹਰਜ਼ਤ ਮੂਸਾ ਦੀ ਵੱਡਿਆਈ ਸਾਬਤ ਕਰਨ ਦਾ ਜਤਨ ਕੀਤਾ ਤਾਂ ਮੁਸਲਮਾਨ ਨੇ ਸਖ਼ਤੀ ਨਾਲ ਕਿਹਾ ਕਿ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦਾ ਮੁਕਾਮ ਸਭ ਤੋਂ ਬੁਲੰਦ ਹੈ । ਇਸ'ਤੇ ਉਹ ਯਹੂਦੀ ਆਪ ਸਲਲੱਾਹੁ ਅਲੈਹਿ ਵਸਲਅਮ ਕੋਲ ਆਣਕੇ ਬਿਨਤੀ ਕਰਦਾ ਹੈ ਕਿ ਇਸ ਨੇ ਮੇਰਾ ਦਿਲ ਦੁਖਾਇਆ ਹੈ ਤਾਂ ਸਾਰਿਆਂ ਨਬੀਆਂ ਦੇ ਸਰਦਾਰ ਨੇ ਫ਼ਰਮਾਇਆ ਕਿ ਮੈਂਨੂੰ ਮੂਸਾ ਉਪੱਰ ਵੱਡਿਆਈ ਨ ਦਿਓ । ਇਹ ਹੈ ਉਹ ਮਹਾਨ ਆਚਰਣ ਜਿਸ ਨਾਲ ਸਮਾਜ ਦਾ ਅਮਨ ਸਥਾਪਤ ਹੁੰਦਾ ਹੈ । ਸੋ, ਇਹ ਹੈ ਉਹ ਉਤੱਰ ਉਹਨਾਂ ਲੋਕਾਂ ਲਈ ਜੋ ਇਸ ਅਮਨ ਸ਼ਾਤੀ ਤੇ ਮਿਲਵਰਤਨ ਦੇ ਬਾਦਸ਼ਾਹ ਉਪੱਰ ਆਰੋਪ ਲਾਉਂਦੇ ਹਨ ਕਿ ਆਪ ਦੇ ਕਰਕੇ ਦੁਨੀਆ ਦਾ ਅਮਨ ਬਰਬਾਦ ਹੋ ਰਿਹਾ ਹੈ । ਅਤੇ ਉਹਨਾਂ ਲੋਕਾਂ ਲਈ ਵੀ ਲੀਹਾਂ ਤੇ ਪਾਠ ਹੈ ਜੋ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਨਾਂ 'ਤੇ ਅਤਿਆਚਾਰ ਤੇ ਬ੍ਰਬਰਤਾ ਦੀਆਂ ਵਾਰਦਾਤਾਂ ਕਰ ਰਹੇ ਹਨ ਪਰ ਅਸੀਂ ਜੋ ਹਜ਼ਰਤ ਮਸੀਹ ਮੌਊਦ ਨੂੰ ਮਨ੍ਹਣ ਦਾ ਦਾਵਾ ਕਰਦੇ ਹਾਂ ਇਸ ਸਮੇਂ ਇਸ ਅਮਲੀ ਦੁਨੀਆ ਵਿੱਚ ਇਹਨਾ ਆਰੋਪ ਲਾਉਣ ਵਾਲਿਆਂ ਦੇ ਅਰੋਪਾਂ ਨੂੰ ਰੱਦ ਕਰਨ ਦੀ ਜਿੰਮੇਦਾਰੀ ਸਾਡੇ ਸੁਪੁਰਦ ਹੈ । ਹਜ਼ਰਤ ਮਸੀਹ ਮੌਊਦ ਅਲਹਿਸਲਾਮ ਸਾਨੂੰ ਉਪਦੇਸ਼ ਦਿੰਦਿਆਂ ਹੋਇਆ ਫਰਮਾਉਂਦੇ ਹਨ ਕਿ ਮੈਂ ਆਪਣੀ ਜਮਾਤ ਨੂੰ ਨਸੀਹਤ ਕਰਦਾ ਹਾਂ ਕਿ ਹੰਕਾਰ ਤੋਂ ਬਚੋ ਕਿਉਂਕਿ ਹੰਕਾਰ ਸਾਡੇ ਜਲਾਲ ਵਾਲੇ ਰੱਬ ਦੀਆਂ ਅਖੱਾਂ ਵਿੱਚ ਸਖ਼ਤ ਮਕਰੂਹ ਹੈ । ਇਕ ਮਨੁੱਖ ਜੋ ਆਪਣੇ ਭਾਈ ਦੀ ਗੱਲ ਨੂੰ ਸਨਮਾਨ ਨਾਲ ਨਹੀਂ ਸੁਨਣਾ ਚਾਹੁੰਦਾ ਅਤੇ ਮੂੰਹ ਫੇਰ ਲੈਂਦਾ ਹੈ ਉਸ ਨੇ ਵੀ ਹੰਕਾਰ ਵਿੱਚੋਂ ਹਿਸੱਾ ਲਿਆ ਹੈ ਜਤਨ ਕਰੋ ਕਿ ਕੋਈ ਹਿਸੱਾ ਹੰਕਾਰ ਦਾ ਤੁਹਾਡੇ ਵਿੱਚ ਨ ਹੋਵੇ ਕਿ ਤੁਸੀਂ ਹਲਾਕ ਨ ਹੋ ਜਾਓ ਤਾਂ ਜੋ ਤੁਸੀਂ ਆਪਣੇ ਪਰਿਵਾਰ ਸਣੇ ਮੁਕਤੀ ਪਾਓ । ਰੱਬ ਵੱਲ ਝੁਕੋ ਅਤੇ ਜਿੱਥੇਂ ਤੱਕ ਦੁਨੀਆ ਵਿੱਚ ਕਿਸੇ ਨਾਲ ਪ੍ਰੇਮ ਸੰਭਵ ਹੈ ਤੁਸੀਂ ਉਸੇ ਨਾਲ ਕਰੋ ਅਰਥਾਤ ਰੱਬ ਨਾਲ ਕਰੋ । ਜਿੱਥੇਂ ਤੱਕ ਦੁਨੀਆ ਵਿੱਚ ਮਨੁੱਖ ਕਿਸੇ ਨਾਲ ਪ੍ਰੇਮ ਕਰ ਸਕਦਾ ਹੈ ਜਾਂ ਮੁਹਬੱਤ ਸੰਭਵ ਹੈ ਤੁਸੀਂ ਉਸ ਨਾਲ ਕਰੋ ਅਤੇ ਜਿੱਥੋਂ ਤੱਕ ਦੁਨੀਆਂ ਵਿੱਚ ਮਨੁੱਖ ਕਿਸੇ ਤੋਂ ਡਰ ਸਕਦਾ ਹੈ ਤੁਸੀਂ ਆਪਣੇ ਰੱਬ ਤੋਂ ਡਰੋ । ਪਾਕ ਦਿਲ ਹੋ ਜਾਓ ਅਤੇ ਪਾਕ ਨਿਸਚੇ, ਗ਼ਰੀਬ ਤੇ ਮਿਸਕੀਨ ਹੋ ਜਾਓ ਤਾਂ ਜੋ ਤੁਹਾਡੇ 'ਤੇ ਰਹਿਮ ਹੋਵੇ । ਸੋ, ਇਹ ਉਹ ਅਵਸਥਾ ਹੈ ਜੋ ਸਾਡੇ ਵਿੱਚੋਂ ਹਰ ਇਕ ਨੂੰ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ । ਇਹਨਾਂ ਦਿਨਾਂ ਵਿੱਚ ਇਹਨਾਂ ਜਤਨਾਂ ਨਾਲ ਆਪਣੇ ਹਰ ਪ੍ਰਕਾਰ ਦੇ ਹੰਕਾਰ ਨੂੰ ਖ਼ਤਮ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਸਲਾਮਤੀ ਫੈਲਾਉਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਦੁਆਵਾਂ ਵੱਲ ਵੀ ਬਹੁਤ ਧਿਆਨ ਦੇਣਾ ਚਾਹੀਦਾ ਹੈ । ਕੇਵਲ ਵਿਅਕਤੀਗੱਤ ਇਛੱਾਵਾਂ ਨ ਹੋਣ ਅਤੇ ਉਦੇਸ਼ ਨ ਹੋਵੇ । ਕੋਈ ਉਦੇਸ਼ ਹੈ ਤਾਂ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਏ । ਸਗੋਂ ਫਰਮਾਇਆ ਕਿ ਖ਼ਾਲਸ ਹੋਕੇ ਉਸ ਵੱਲ ਝੁੱਕ ਜਾਵੇ । ਨਫ਼ਸਾਨੀ ਇਛੱਾਵਾਂ ਪੇਸ਼ ਨ ਕਰੇ ਅਤੇ ਖ਼ਲਾਸ ਹੋਕੇ ਉਸ ਵੱਲ ਝੁੱਕ ਜਾਵੇ ਜੋ ਇਸ ਪ੍ਰਕਾਰ ਝੁਕੱਦਾ ਹੈ ਉਸ ਨੂੰ ਕੋਈ ਕਸ਼ਟ ਨਹੀਂ ਰਹਿੰਦਾ ਅਤੇ ਹਰ ਇਕ ਮੁਸ਼ਕਲ ਵਿੱਚੋਂ ਆਪਣੇ ਆਪ ਕੋਈ ਨ ਕੋਈ ਮਾਰਗ ਨਿਕਲ ਆਉਂਦਾ ਹੈ । ਜਿਵੇਂ ਕਿ ਉਹ ਆਪ ਫ਼ਰਮਾਉਂਦਾ ਹੈ : ( وَمَنۡ يَّتَّقِ اللّٰهَ يَجۡعَلۡ لَّهٗ مَخۡرَجًا (3) وَّيَرۡزُقۡهُ مِنۡ حَيۡثُ لَا يَحۡتَسِبُ (الطَّلَاق 4-3)) ਵਮੰਯ ਯਤੱਾਕਿਲੱਾਹਾ ਯਜਅਲ ਲਹੂ ਮਖ਼ਰਜਾ 0 ਵ ਯਰਜ਼ੁਕਹੁ ਮਿਨ ਹੈਸੁ ਲਾ ਯਹਤਸਿਬ' ਇਸ ਥਾਂ ਰਿਜ਼ਕ ਤੋਂ ਭਾਵ ਰੋਟੀ ਨਹੀਂ ਸਗੋਂ ਸਨਮਾਨ ਤੇ ਗਿਆਨ ਆਦਿ ਦੀਆਂ ਸਾਰੀਆਂ ਗੱਲਾਂ ਹਨ ਜਿੰਨ੍ਹਾ ਦੀ ਮਨੁੱਖ ਨੂੰ ਲੋੜ ਹੁੰਦੀ ਹੈ ਇਸ ਵਿੱਚ ਦਾਖ਼ਲ ਹਨ । ਰੱਬ ਨਾਲ ਜੋ ਰਤਾ ਵੀ ਸੰਬੰਧ ਰੱਖਦਾ ਹੈ ਨਸ਼ਟ ਨਹੀਂ ਹੁੰਦਾ ।

ਸੋ, ਇਹ ਦਿਨ ਜੋ ਰੱਬ ਦੀ ਮਿਹਰ ਨਾਲ ਪਾਕ ਤਬਦੀਲੀਆਂ ਪੈਦਾ ਕਰਨ ਲਈ ਅਤੇ ਦੁਆ ਦੀ ਪਰਵਾਨਗੀ ਲਈ ਰੱਬ ਨੇ ਸਾਨੂੰ ਪ੍ਰਦਾਨ ਕੀਤੀਆਂ ਹਨ ਉਹਨਾਂ ਵਿੱਚ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਜਿਸ ਜਿਸ ਨੂੰ ਜਿਸ ਜਿਸ ਗੱਲ ਉਪੱਰ ਫ਼ਖਰ ਹੈ ਜਾਂ ਜੋ ਚੀਜ ਆਜਜ਼ੀ, ਵਿਨਮ੍ਰਤਾ ਤੇ ਹਲੀਮੀ ਵਿੱਚ ਅੱਗੇ ਵਧੱਣ ਵਿੱਚ ਰੋਕ ਹੈ ਜਾਂ ਜੋ ਚੀਜ ਵੀ ਸਾਡੇ ਮਹੌਲ ਵਿੱਚ ਸਾਡੇ ਕਰਕੇ ਬੇ ਚੈਨੀ ਤੇ ਉਪਦੱਰ ਦਾ ਸਬਬ ਬਣ ਸਕਦੀ ਹੈ ਉਸ ਨੂੰ ਸਾਨੂੰ ਰੱਬ ਵੱਲ ਝੁੱਕਦਿਆਂ ਹੋਇਆਂ ਉਸ ਤੋਂ ਮਦਦ ਮੰਗਦਿਆਂ ਹੋਇਆਂ ਦੂਰ ਕਰਨ ਦੇ ਜਤਨ ਕਰਨੇ ਚਾਹੀਦੇ ਹਨ ਤਾਂ ਜੋ ਸਾਡਾ ਵੁਜੂਦ ਹਰ ਥਾਂ ਸਲਾਮਤੀ ਫੈਲਾਉਣ ਵਾਲਾ ਵੁਜੂਦ ਬਣ ਜਾਵੇ ਨ ਕਿ ਬੇਚੈਨੀ ਅਤੇ ਉਪਦੱਰ ਫੈਲਾਉਣ ਦਾ ਸਾਧਨ । ਰੱਬ ਨੇ ਹੱਕ ਪੂਰੇ ਕਰਨ ਤੇ ਸਲਾਮਤੀ ਫੈਲਾਉਣ ਦੀ

ਵਿਸ਼ਾਲਤਾ ਤੇ ਹੰਕਾਰ ਤੋਂ ਬਚਣ ਲਈ ਦੂਜੀ ਥਾਂ ਇਹਨਾਂ ਸ਼ਬਦਾਂ ਵਿੱਚ ਅਦੇਸ਼ ਦਿੱਤਾ ਕਿ : ( وَاعْبُدُوا اللَّهَ وَلَا تُشْرِكُوا بِهِ شَيْئًا وَبِالْوَالِدَيْنِ إِحْسَانًا وَبِذِي الْقُرْبَى وَالْيَتَامَى وَالْمَسَاكِينِ وَالْجَارِ ذِي الْقُرْبَى وَالْجَارِ الْجُنُبِ وَالصَّاحِبِ بِالْجَنْبِ وَابْنِ السَّبِيلِ وَمَا مَلَكَتْ أَيْمَانُكُمْ إِنَّ اللَّهَ لَا يُحِبُّ مَنْ كَانَ مُخْتَالًا فَخُورًا (النساء 37) ) ਵਾਬੁਦੁਲੱਾਹ ਵਲਾ ਤੁਸ਼ਰਿਕੂ ਬਿਹੀ ਸ਼ੈਅੰਵ ਵਬਿਲ ਵਾਲਿਦੈਨਿ ਇਹਸਾਨੰਵ ਵਬਿਜ਼ਿਲ ਕੁਰਬਾ ਵਲ ਯਤਾਮਾ ਵਲ ਮਸਾਕੀਨਿ ਵਲ ਜਾਰਿਜ਼ਿਲ ਕੁਰਬਾ ਵਲ ਜਾਰਿਲ ਜੁਨੁਬਿ ਵਸੱਾਹਿਬਿ ਬਿਲਜੰਬਿ ਵਬਨਿਸੱਬੀਲਿ ਵਮਾ ਮਾਲਾਕਤ ਐਮਾਨੁਕੁਮ, ਇਨੱਲੱਾਹਾ ਲਾ ਯੁਹਿਬੁੱ ਮਨ ਕਾਨਾ ਮੁਖ਼ਤਾਲਨ ਫ਼ਖ਼ੂਰਾ 0 ਅਤੇ ਅਲੱਾਹ ਦੀ ਇਬਾਦਤ ਕਰੋ ਅਤੇ ਕਿਸੇ ਚੀਜ ਨੂੰ ਉਸ ਦਾ ਸ਼ਰੀਕ ਨ ਬਣਾਓ ਅਤੇ ਮਾਪਿਆਂ ਨਾਲ ਉਪਕਾਰ ਕਰੋ ਅਤੇ ਨੇੜਲੇ ਸਾਕਾਂ ਸੰਬੰਧੀਆਂ ਨਾਲ ਵੀ ਅਤੇ ਯਤੀਮਾਂ ਨਾਲ ਵੀ ਅਤੇ ਮਿਸਕੀਨ ਲੋਕਾਂ ਨਾਲ ਵੀ ਅਤੇ ਰਿਸ਼ਤੇਦਾਰ ਗਵਾਂਢੀਆਂ ਨਾਲ ਵੀ ਅਤੇ ਗ਼ੈਰ ਰਿਸ਼ਤੇਦਾਰ ਗਵਾਂਢੀਆਂ ਨਾਲ ਵੀ ਅਤੇ ਆਪਣੇ ਸਹਿਵਰਗੀਆਂ ਨਾਲ ਵੀ ਅਤੇ ਮੁਸਾਫ਼ਰਾਂ ਨਾਲ ਵੀ ਅਤੇ ਉਹਨਾਂ ਨਾਲ ਵੀ ਜਿੰਨ੍ਹਾ ਨੇ ਦੇ ਤੁਹਾਡੇ ਹੱਥ ਮਾਲਕ ਹੋਏ । ਨਿਸ਼ਚੇ ਹੀ ਰੱਬ ਉਸ ਨੂੰ ਪਸੰਦ ਨਹੀਂ ਕਰਦਾ ਜੋ ਹੰਕਾਰੀ ਤੇ ਸ਼ੇਖੀਆਂ ਮਾਰਨ ਵਾਲਾ ਹੋਵੇ ।

ਇਸ ਆਇਤ ਵਿੱਚ ਰੱਬ ਦੀ ਇਬਾਦਤ ਅਤੇ ਸ਼ਿਰਕ ਤੋਂ ਰੋਕਣ ਦੇ ਬਾਦ ਕੁਝ ਹੱਕਾਂ ਵੱਲ ਵੀ ਧਿਆਨ ਦੁਆਇਆ ਹੈ । ਰਮਜ਼ਾਨ ਜਿੱਥੇ ਇਬਾਦਤਾਂ ਦਾ ਮਹੀਨਾ ਹੈ ਉੱਥੇ ਸਮਾਜ ਦੇ ਹੱਕਾਂ ਦੀ ਅਦਾਇਗੀ ਵੱਲ ਵੀ ਧਿਆਨ ਦੁਆਉਂਦਾ ਹੈ । ਸੋ, ਇਹਨਾਂ ਦਿਨਾਂ ਵਿੱਚ ਅਧਿਕਾਰਾਂ ਦੀ ਅਦਾਇਗੀ ਵੀ ਇਕ ਮੋਮਿਨ ਦਾ ਕਰਤਵ ਹੈ ਅਤੇ ਇਹਨਾਂ ਦਿਨਾਂ ਵਿੱਚ ਜੇਕਰ ਆਦਤ ਪੈ ਜਾਵੇ ਤਾਂ ਅਸਲ ਵਿੱਚ ਤਾਂ ਇਹ ਹਮੇਸ਼ਾ ਲਈ ਹੈ ਜੋ ਮਨੁੱਖ ਨੂੰ ਕਰਨੀ ਚਾਹੀਦੀ ਹੈ ਇਹਨਾਂ ਅਧਿਕਾਰਾਂ ਦੀ । ਪਰ ਇਹ ਮਹੀਨਾ ਅਜਿਹਾ ਹੈ ਜਿਸ ਵਿੱਚ ਅਸੀਂ ਆਦਤ ਬਣਾ ਸਕਦੇ ਹਾਂ । ਜੇਕਰ ਇਹ ਅਦਾਇਗੀ ਨਹੀਂ ਤਾਂ ਕੇਵਲ ਇਬਾਦਤਾਂ ਮੋਮਿਨ ਨੂੰ ਉਹਨਾਂ ਸਾਰਿਆਂ ਉਦੇਸ਼ਿਆਂ ਦੀ ਪ੍ਰਾਪਤੀ ਦਾ ਪਾਤਰ ਨਹੀਂ ਬਣਾਉਂਦੀ ਜੋ ਰਮਜ਼ਾਨ ਦਾ ਉਦੇਸ਼ ਹੈ । ਅਸਲ ਉਦੇਸ਼ ਤਾਂ ਇਹ ਹੈ ਕਿ ਇਹ ਪਵਿੱਤਰ ਤਬਦੀਲੀਆਂ ਜੋ ਅਸੀਂ ਪੈਦਾ ਕਰੀਏ ਇਹਨਾਂ ਨੂੰ ਜੀਵਨ ਦਾ ਹਿਸੱਾ ਵੀ ਬਣਾਈਏ । ਇਕ ਤਾਂ ਇਬਾਦਤਾਂ ਹਨ ਅਤੇ ਇਬਾਦਤਾਂ ਜੱਦ ਅਸੀਂ ਇਸ ਮਹੀਨਿ ਵਿੱਚ ਕਰੀਏ ਤਾਂ ਫਿਰ ਨਿਰੰਤਰ ਜੀਵਨ ਦਾ ਹਿਸੱਾ ਬਣਾਈਏ । ਅਧਿਕਾਰਂ ਦੀ ਅਦਾਇਗੀ ਹੈ ਉਹਨਾਂ ਵੱਲ ਇਸ ਮਹੀਨਿ ਧਿਆਨ ਕਰੀਏ ਤਾਂ ਜੋ ਫਿਰ ਨਿਰੰਤਰ ਆਪਣੇ ਜੀਵਨ ਦਾ ਹਿਸੱਾ ਬਣਾਈਏ । ਇਸੇ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ, ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਬੰਦਿਆਂ ਦੇ ਅਧਿਕਾਰਾਂ ਲਈ ਗਰੀਬਾਂ, ਮਿਸਕੀਨਾ ਦੀ ਮਦਦ ਲਈ ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਤੌਰ'ਤੇ ਆਪਣੇ ਹੱਥਾਂ ਨੂੰ ਐਨ੍ਹਾ ਖੋਲ ਦਿੰਦੇ ਸਨ ਕਿ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਦੀ ਸਖ਼ਾਵਤ ਤੇਜ਼ ਹਨ੍ਹੇਰੀ ਤੋਂ ਵੀ ਵੱਧ ਜਾਂਦੀ ਸੀ । ਆਮ ਅਵਸਥਾ ਵਿੱਚ ਵੀ ਆਪ ਦੀ ਸਖ਼ਾਵਤ ਦਾ ਮਿਆਰ ਬਹੁਤ ਬੁਲੰਦ ਸੀ ਕਿ ਕੋਈ ਦੂਜਾ ਉਨ੍ਹਾ ਤੱਕ ਪਹੁੰਚ ਹੀ ਨਹੀਂ ਸਕਦਾ ਸੀ ਫਿਰ ਰਮਜ਼ਾਨ ਵਿੱਚ ਇਸ ਸਖ਼ਾਵਤ ਦੀ ਉਧਾਰਣ ਦੇਣ ਲਈ ਤੇਜ਼ ਹਨ੍ਹੇਰੀ ਦੀ ਜੋ ਉਧਾਰਣ ਦਿੱਤੀ ਗਈ ਹੈ ਇਸ ਤੋਂ ਬਿਹਤਰ ਕੋਈ ਹੋਰ ਉਧਾਰਣ ਨਹੀਂ ਹੋ ਸਕਦੀ । ਬਹਿਰਹਾਲ ਇਹ ਲੋੜਵੰਦਾ ਦੇ ਅਧਿਕਾਰਾਂ ਦੀ ਅਦਾਇਗੀ ਹੈ ਜਿਸ ਦਾ ਆਪ ਨੇ ਉਚੱਤਮ ਨਮੂਨਾ ਦਿਖਾਇਆ ।

ਸੋ ਅਲੱਾਹ ਤਆਲਾ ਹਰ ਇਬਾਦਤ ਕਰਨ ਵਾਲੇ ਨਾਲ ਇਹਨਾਂ ਉਚਤਮ ਆਚਰਣਾ ਦੀ ਆਸ਼ਾ ਰੱਖਦਾ ਹੈ ਅਤੇ ਇਸ ਦਾ ਆਦੇਸ਼ ਦਿੰਦਾ ਹੈ ਜੋ ਆਜਜ਼ੀ ਧਾਰਣ ਕਰਕੇ ਇਕ ਮੋਮਿਨ ਨੂੰ ਪੂਰੀ ਕਰਨੀ ਚਾਹੀਦੀ ਹੈ । ਇਹਨਾਂ ਅਧਿਕਾਰਾਂ ਦੀ ਅਦਾਇਗੀ ਨੂੰ ਕੋਈ ਇਹ ਨ ਸਮਝੇ ਕਿ ਕੋਈ ਬਹੁਤ ਵੱਡੀ ਵੱਡਿਆਈ ਹੈ । ਅਧਿਕਾਰਾਂ ਦੀ ਅਦਾਇਗੀ ਕੋਈ ਵੱਡਿਆਈ ਨਹੀਂ ਸਗੋਂ ਹਰ ਮੋਮਿਨ ਦਾ ਫ਼ਰਜ਼ ਹੈ ਅਤੇ ਇਹਨਾਂ ਅਧਿਕਾਰਾਂ ਦੀ ਅਦਾਇਗੀ ਨਾਲ ਹੀ ਦੁਆਵਾਂ ਵੀ ਪਰਵਾਨ ਹੁੰਦੀਆਂ ਹਨ । ਜਿਵੇਂ ਕਿ ਆਇਤ ਵਿੱਚ ਸਪਸ਼ਟ ਹੈ ਇਹਨਾਂ ਅਧਿਕਾਰਾਂ ਵਿੱਚ ਮਾਂਪਿਆਂ ਦੇ ਅਧਿਕਾਰ ਹਨ ਰਿਸ਼ਤੇਦਾਰਾਂ ਦੇ ਅਧਿਕਾਰ ਹਨ ਯਤੀਮਾ ਦੇ ਅਧਿਕਾਰ ਹਨ ਮਿਸਕੀਨ ਲੋਕਾਂ ਦੇ ਅਧਿਕਾਰ ਹਨ ਰਿਸ਼ਤੇਦਾਰਾਂ ਦੇ ਅਧਿਕਾਰ ਹਨ ਨੇੜਲੇ ਗਵਾਂਢੀਆਂ ਦੇ ਅਧਿਕਾਰ ਹਨ ਗ਼ੈਰ ਰਿਸ਼ਤੇਦਾਰ ਗਵਾਂਢੀਆਂ ਦੇ ਅਧਿਕਾਰ ਹਨ ਵੱਖ ਵੱਖ ਸਮਿਆਂ ਉਪੱਰ ਨਾਲ ਰਹਿਣ ਵਾਲੇ ਉਠੱਣ ਬੈਠਣ ਵਾਲੇ ਲੋਕਾਂ ਦੇ ਅਧਿਕਾਰ ਹਨ ਮੁਸਾਫ਼ਰਾਂ ਦੇ ਵੀ ਅਧਿਕਾਰ ਹਨ ਜੋ ਸਾਡੀ ਨਿਗਰਾਨੀ ਵਿੱਚ ਹਨ ਜੋ ਸਾਡੇ'ਤੇ ਅਧਾਰਤ ਹਨ ਉਹਨਾਂ ਦੇ ਵੀ

ਅਧਿਕਾਰ ਹਨ ਭਾਵ ਇਹ ਕਿ ਇਸ ਇਕ ਆਇਤ ਵਿੱਚ ਸਾਰੀ ਮਾਨਵਤਾ ਦਾ ਖ਼ਿਆਲ ਰੱਖਣ ਅਤੇ ਉਹਨਾਂ ਦੇ ਅਧਿਕਾਰ ਪੂਰੇ ਕਰਨ ਦਾ ਪਰਿਪੇਖ ਕਰਕੇ ਉਹਨਾਂ ਦੀ ਅਦਾਇਗੀ ਵੱਲ ਧਿਆਨ ਦੁਆ ਦਿੱਤਾ ਸਗੋਂ ਅਦੇਸ਼ ਦੇ ਦਿੱਤਾ ।

ਮਾਂਪਿਆਂ ਦੇ ਅਧਿਕਾਰਾਂ ਬਾਰੇ ਕੁਰਆਨ ਕਰੀਮ ਵਿੱਚ ਇਕ ਹੋਰ ਥਾਂ ਵਿੱਚ ਵਰਨਣ ਹੈ ਕਿ ਬੁਢੇਪੇ ਵਿੱਚ ਉਹਨਾਂ ਦੀ ਸੇਵਾ ਕਰਨਾ ਉਹਨਾਂ ਦਾ ਖ਼ਿਆਲ ਰਖੱਣਾ ਸੰਤਾਨ ਦਾ ਕਰਤਵ ਹੈ ਅਤੇ ਇਹ ਕੋਈ ਉਪਕਾਰ ਨਹੀਂ ਹੈ ਰਿਸ਼ਤੇਦਾਰਾਂ ਦੇ ਅਧਿਕਾਰ ਹਨ । ਇਸ ਬਾਰੇ ਜੇਕਰ ਪਤੀ ਪਤਨੀ ਆਪਣੇ ਇਕ ਦੂਜੇ ਦੇ ਰਿਸ਼ਤੇਦਾਰਾਂ ਦੇ ਅਧਿਕਾਰ (ਹੱਕ) ਪੂਰੇ ਕਰਨ, ਸੁਸਰਾਲ, ਵਾਲਿਆਂ ਦੇ ਅਧਿਕਾਰ ਪੂਰੇ ਕਰਦੇ ਰਹਿਣ ਜਿਸ ਬਾਰੇ ਰੱਬ ਦਾ ਵੀ ਆਦੇਸ਼ ਹੈ ਕਿ ਆਪਣੇ ਰਹਿਮੀ ਰਿਸ਼ਤੇਦਾਰਾਂ ਦਾ ਵੀ ਖ਼ਿਆਲ ਰੱਖੋ ਤਾਂ ਬਹੁਤ ਸਾਰੇ ਝਗੜੇ ਘਰਾਂ ਵਿੱਚ ਹੀ ਮੁੱਕ ਜਾਂਦੇ ਹਨ ਅਤੇ ਪਿਆਰ ਤੇ ਸਨੇਹ ਦਾ ਮਹੌਲ ਪੈਦਾ ਹੁੰਦਾ ਹੈ । ਜਿੰਨ੍ਹਾ ਜਿੰਨ੍ਹਾ ਘਰਾਂ ਵਿੱਚ ਅਜਿਹੇ ਵਿਵਾਦ ਜਾਂ ਝਗੜੇ ਹਨ ਬਹੁਤ ਸਾਰੇ ਮਾਮਲੇ ਆਉਂਦੇ ਹਨ ਉਹਨਾਂ ਵਿੱਚ ਗ਼ੌਰ ਕਰਨਾ ਚਾਹੀਦਾ ਹੈ । ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਬਜਾਏ ਜ਼ਿੱਦ ਤੇ ਅਣਖ ਦੇ ਆਪਣੇ ਘਰਾਂ ਨੂੰ ਵਸਾਉਣ ਦਾ ਜਤਨ ਕਰਨਾ ਚਾਹੀਦਾ ਹੈ ।

ਫਿਰ ਯਤੀਮਾ ਦੀ ਖ਼ਬਰਗੀਰੀ ਵੀ ਇਕ ਬਹਤੁ ਹੀ ਮਹਤੱਵਪੂਰਨ ਕਰਤਵ ਹੈ ਉਹਨਾਂ ਨੂੰ ਸਮਾਜ ਦਾ ਲਾਹੇਵੰਦ ਹਿਸੱਾ ਬਨਾਉਣ ਦਾ ਜਤਨ ਕਰਨਾ ਚਾਹੀਦਾ ਹੈ । ਉਹਨਾਂ ਦੇ ਹੱਕ ਦੀ ਅਦਾਇਗੀ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਅਮ ਨੇ ਐਨ੍ਹੀ ਮਹਤੱਾ ਦਿੱਤੀ ਹੈ ਕਿ ਫ਼ਰਮਾਇਆ ਮੈਂ ਅਤੇ ਯਤੀਮ ਦੀ ਪਾਲਣਾ ਕਰਨ ਵਾਲੇ ਸਵਰਗ ਵਿੱਚ ਇਸ ਪ੍ਰਕਾਰ ਹੋਣਗੇ ਜਿਵੇਂ ਦੋ ਉਂਗਲਾ ਹਨ ਅਰਥਾਤ ਸਾਡਾ ਬਹੁਤ ਨੇੜੇ ਦਾ ਸੰਬੰਧ ਹੋਵੇਗਾ । ਇਸ ਲਈ ਇਸ ਮਹਤੱਾ ਨੂੰ ਜਮਾਤ ਦੇ ਲੋਕਾਂ ਨੂੰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਯਤੀਮਾ ਦੀ ਖ਼ਬਰਗੀਰੀ ਲਈ ਖ਼ਰਚ ਕਰਨਾ ਚਾਹੀਦਾ ਹੈ ਜਮਾਤੀ ਤੋਰ'ਤੇ ਵੀ ਇਸ ਦਾ ਪ੍ਰਬੰਧ ਮੌਜੂਦ ਹੈ । ਫਿਰ ਲੋੜਵੰਦਾਂ ਅਤੇ ਮਿਸਕੀਨਾ ਦੇ ਹੱਕ ਹਨ ਜਿਸ ਵਿੱਚ ਵਿਦਿਆ ਦੇ ਖਰਚੇ ਹਨ, ਰੋਗਾਂ ਦੇ ਇਲਾਜ ਦੇ ਖਰਚੇ ਹਨ ਅਤੇ ਵਿਆਹ ਸ਼ਦੀਆਂ ਦੇ ਖਰਚੇ ਹਨ । ਜਮਾਤ ਵਿੱਚ ਇਹਨਾਂ ਸਾਰਿਆਂ ਖਰਚਿਆਂ ਨੂੰ ਪੂਰਾ ਕਰਨ ਲਈ ਵੱਖਰੇ ਫੰਡ ਵੀ ਅਰੰਭ ਹਨ ਇਹਨਾਂ ਵਿੱਚ ਵੀ ਸਮਰਥਾ ਰਖੱਣ ਵਾਲੇ ਲੋਕਾਂ ਨੂੰ ਜਿੰਨ੍ਹਾ ਨੂੰ ਤੋਫ਼ੀਕ ਪ੍ਰਾਪਤ ਹੈ ਜਮਾਤੀ ਵਿਵਸਥਾ ਹੇਠ ਖਰਚ ਕਰਨਾ ਚਾਹੀਦਾ ਹੈ । ਸੋ ਇਹ ਉਹ ਸੁੰਦਰ ਸਿੱਖਿਆ ਹੈ ਜੋ ਮੁਹਬੱਤ ਤੇ ਪਿਆਰ ਨੂੰ ਫੈਲਾਉਂਦੀ ਹੈ ਅਤੇ ਮਿਲਵਰਤਨ ਤੇ ਸ਼ਾਂਤੀ ਦੀ ਨੀਂਹ ਪਾਉਂਦੀ ਹੈ ਜੋ ਮਾਹੌਲ ਵਿੱਚ ਅਮਨ ਤੇ ਸ਼ਾਂਤੀ ਪੈਦਾ ਕਰਦੀ ਹੈ ਫਿਰ ਸਮਵਰਗੀ ਤੇ ਮੁਸਾਫ਼ਰਾਂ ਦੇ ਅਧਿਕਾਰਾਂ ਦੀ ਅਦਾਇਗੀ ਦਾ ਅਦੇਸ਼ ਹੈ । ਇਹਨਾਂ ਸਬਦਾਂ ਵਿੱਚ ਅਧਿਕਾਰਾਂ ਦੀ ਅਦਾਇਗੀ ਨੂੰ ਪਤੀ ਪਤਨੀ ਦੇ ਅਧਿਕਾਰਾਂ ਦੀ ਅਦਾਇਗੀ ਉਪੱਰ ਵੀ ਭਾਰੀ ਕਰ ਦਿੱਤਾ ਹੈ ਅਤੇ ਆਪਣੇ ਮਿਤੱਰਾਂ, ਸਾਥੀਆਂ ਅਤੇ ਆਪਣੇ ਨਾਲ ਕੰਮ ਕਰਨ ਵਾਲਿਆਂ ਉਪੱਰ ਵੀ ਫੈਲਾ ਦਿੱਤਾ ਹੈ ਅਤੇ ਅਫ਼ਸਰਾਂ ਤੇ ਮਤਹਿਤਾਂ ਦਾ ਵੀ ਇਸ ਵਿੱਚ ਪਰਿਭੇਖ ਕਰ ਲਿਆ ਹੈ ਫਿਰ (وَمَا مَلَكَتْ أَيْمَانُكُمْ) ਵਮਾ ਮਾਲਾਕਤ ਐਮਾਨੁਕੁਮ' ਕਹਿ ਕੇ ਹਰ ਪ੍ਰਕਾਰ ਦੇ ਮਤਹਿਤਾਂ ਅਤੇ ਤੁਹਾਡੀ ਨਿਗਰਾਨੀ ਹੇਠ ਕੰਮ ਕਰਦੇ ਲੋਕਾਂ ਦੇ ਅਧਿਕਾਰਾਂ ਵੱਲ ਧਿਆਨ ਦੁਆ ਦਿੱਤਾ ਅਤੇ ਇਹ ਸਾਰੇ ਅਧਿਕਾਰ ਪੂਰੇ ਕਰਕੇ ਫਰਮਾਇਆ ਕਿ ਜੇਕਰ ਇਹ ਅਧਿਕਾਰ ਪੂਰਾ ਨਹੀਂ ਕਰ ਰਹੇ ਤਾਂ ਤੁਹਾਡੇ ਵਿੱਚ ਹੰਕਾਰ ਤੇ ਫ਼ਖ਼ਰ ਪਾਇਆ ਜਾਂਦਾ ਹੈ ਜੋ ਰੱਬ ਨੂੰ ਸਖ਼ਤ ਨਾਪਸੰਦ ਹੈ ।

ਸੋ, ਇਹ ਇਸਲਾਮ ਦੀ ਖ਼ੂਬਸੂਰਤ ਸਿੱਖਿਆ ਹੈ ਦੁਨੀਆ ਵਿੱਚ ਅਮਨ ਸਥਾਪਨ ਕਰਨ ਦੀ, ਸਲਾਮਤੀ ਫੈਲਾਉਣ ਦੀ ਅਤੇ ਹਰ ਤਬਕੇ ਦੇ ਅਧਿਕਾਰ ਸਥਾਪਤ ਕਰਨ ਦੀ । ਸੋ, ਇਹ ਦਿਨ ਜੋ ਸਾਨੂੰ ਪ੍ਰਾਪਤ ਹੋਏ ਹਨ ਜੋ ਸਾਨੂੰ ਰੱਬ ਦੇ ਨੇੜੇ ਕਰਨ ਦੇ ਦਿਨ ਹਨ ਸਗੋਂ ਰੱਬ ਆਪ ਇਹਨਾਂ ਦਿਨਾਂ ਵਿੱਚ ਸਾਡੇ ਨੇੜੇ ਆ ਗਿਆ ਹੈ ਅਤੇ ਉਹਨਾਂ ਲੋਕਾਂ ਨੂੰ ਨਿਵਾਜਣਾ ਚਾਹੁੰਦਾ ਹੈ ਜੋ ਉਸ ਦੇ ਵੀ ਹੱਕ ਪੂਰੇ ਕਰਨ ਜੋ ਇਬਾਦਤ ਦਾ ਹੱਕ ਹੈ ਅਤੇ ਉਸ ਦੇ ਬੰਦਿਆਂ ਦੇ ਹੱਕ ਵੀ ਪੂਰੇ ਕਰਨ । ਸੋ, ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਰਮਾਇਆ, ਸਾਨੂੰ ਵਿਨਮ੍ਰਤਾ ਧਾਰਨ ਕਰਦਿਆਂ ਹੋਇਆ ਉਹਨਾਂ ਹਰ ਪ੍ਰਕਾਰ ਦੇ ਅਧਿਕਾਰਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣ ਦਾ ਵਿਸ਼ੇਸ਼ ਜਤਨ ਕਰਨਾ ਚਾਹੀਦਾ ਹੈ । ਇਹ ਦਿਨ ਰਮਜ਼ਾਨ ਦੇ ਇਕ ਵਿਸ਼ੇਸ਼ ਮਹੌਲ ਕਰਕੇ ਰੱਬ ਦੀ ਇਬਾਦਤ ਦੇ ਹੱਕ ਪੂਰੇ ਕਰਨ ਵੱਲ ਵੀ ਧਿਆਨ ਦੁਆਉਂਦੇ ਹਨ ਅਤੇ ਦੂਜੀਆਂ ਨੇਕੀਆਂ ਵੀ ਪੂਰੀਆਂ ਕਰਨ ਵੱਲ ਧਿਆਨ ਦੁਆਉਂਦੇ ਹਨ । ਇਹਨਾਂ ਤੋਂ ਸਾਨੂੰ ਵੱਧ ਤੋਂ ਵੱਧ ਲਾਭ ਉਠਾਉਣ ਦਾ ਜਤਨ ਕਰਨਾ ਚਾਹੀਦਾ ਹੈ ਜੇਕਰ ਅਸੀਂ

ਆਪਣੀਆਂ ਇਬਾਦਤਾਂ ਨੂੰ ਪਰਵਾਨ ਕਰਵਾਉਣਾ ਹੈ ਤਾਂ ਰੱਬ ਦੇ ਬੰਦਿਆਂ ਦੇ ਹੱਕ (ਅਧਿਕਾਰ) ਪੂਰੇ ਕਰਨ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਅਕਾਸ਼ ਉਪੱਰ ਰੱਬ ਤੁਹਾਥੋਂ ਰਾਜ਼ੀ ਹੋ ਜਾਵੇ ਤਾਂ ਆਪੋ ਵਿੱਚ ਅਜਿਹੇ ਇਕ ਹੋ ਜਾਓ ਜਿਵੇਂ ਇਕ ਢਿੱਡ ਵਿੱਚੋਂ ਦੋ ਭਾਈ । ਤੁਸੀਂ ਆਪਣੇ ਮਤਹਿਤਾਂ ਉਪੱਰ ਆਪਣੀਆਂ ਪਤਨੀਆਂ ਉਪੱਰ ਅਤੇ ਆਪਣੇ ਗ਼ਰੀਬ ਭਾਈਆਂ ਉਪੱਰ ਰਹਿਮ ਕਰੋ ਤਾਂ ਜੋ ਅਕਾਸ਼ ਉਪੱਰ ਤੁਹਾਡੇ ’ਤੇ ਵੀ ਰਹਿਮ ਹੋਵੇ । ਤੁਸੀਂ ਸੱਚ ਮੁੱਚ ਉਸ ਦੇ ਹੋ ਜਾਓ ਤਾਂ ਜੋ ਉਹ ਵੀ ਤੁਹਾਡਾ ਹੋ ਜਾਵੇ । ਆਪ ਨੇ ਇਕ ਥਾਂ ਫ਼ਰਮਾਇਆ ਜੋ ਕੋਈ ਆਪਣਾ ਜੀਵਨ ਵਧਾਉਂਣਾ ਚਾਹੁੰਦਾ ਹੈ ਉਸ ਨੂੰ ਚਾਹੀਦਾ ਹੈ ਕਿ ਨੇਕ ਕੰਮਾ ਦਾ ਪ੍ਰਚਾਰ ਕਰੇ ਅਤੇ ਮਖ਼ਲੂਕ ਨੂੰ ਲਾਭ ਪਹੁੰਚਾਵੇ । ਰੱਬ ਸਾਨੂੰ ਆਪਣੀਆਂ ਇਬਦਤਾਂ ਦੇ ਨਾਲ ਸਾਰੇ ਹੋਰਨਾ ਅਧਿਕਾਰ ਜੋ ‘ਹਕੂਕੁਲ ਇਬਾਦ’ ਹਨ ਉਹ ਵੀ ਪੂਰੇ ਕਰਨ ਦੀ ਤੋਫ਼ੀਕ ਪ੍ਰਦਾਨ ਕਰੇ ਅਤੇ ਅਸੀਂ ਵਾਸਤਵਿਕ ਰੂਪ ਵਿੱਚ ਰਹਿਮਾਨ ਰੱਬ ਦੇ ਬੰਦੇ ਬਣ ਜਾਈਏ ਅਤੇ ਰੱਬ ਦੀ ਨੇੜਤਾ ਨੂੰ ਇਸ ਰਮਜ਼ਾਨ ਵਿੱਚ ਪਹਿਲਾਂ ਤੋਂ ਵੱਧਕੇ ਪਾਉਣ ਵਾਲੇ ਹੋਈਏ ਅਤੇ ਫਿਰ ਨਿਰੰਤਰ ਜੀਵਨ ਦਾ ਹਿਸੱਾ ਬਨਾਉਣ ਵਾਲੇ ਹੋਈਏ ।

ਜੁਮਏ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਕਰਮਾ ਹਦਾਇਤ ਬੀਬੀ ਸਾਹਿਬਾ ਸੁਪਤੱਨੀ ਮੁਕਰੱਮ ਮੁਹਮੱਦ ਅਹਮਦ ਕਾਲਾ ਅਫ਼ਗ਼ਾਨਾ ਦਰਵੇਸ਼ ਮਰਹੂਮ, ਜਿੰਨ੍ਹਾ ਦੀ ਕਾਦੀਆਂ ਵਿੱਚ 4 ਜੂਨ 2015 ਈ. ਨੂੰ ਵਫ਼ਾਤ ਹੋ ਗਈ ਸੀ, ਇਸੇ ਪ੍ਰਕਾਰ ਮੁਕਰੱਮ ਮੌਲਵੀ ਮੁਹਮੱਦ ਅਹਮਦ ਸਾਕਬ ਵਾਕਫ਼ੇ ਜ਼ਿੰਦਗੀ ਸਾਬਕਾ ਉਸਤਾਦ ਜਾਮਿਆ ਅਹਮਦੀਆ ਰਬਵਾ ਜਿੰਨ੍ਹਾ ਦੀ 18 ਮਈ ਨੂੰ 98 ਸਾਲ ਦੀ ਉਮੱਰ ਵਿੱਚ ਰਬਵਾ ਵਿੱਚ ਵਫ਼ਾਤ ਹੋ ਗਈ ਸੀ ,ਹਰ ਦੋਵੇਂ ਮਰਹੂਮੀਨ ਦੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕਰਦਿਆਂ ਹੋਇਆਂ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਉਹਨਾਂ ਦੀ ਬਖਸ਼ਿਸ਼ ਤੇ ਬੁਲੰਦ ਦਰਜਿਆਂ ਲਈ ਦੁਆ ਕਰਾਈ ।

**Khulasa Khutba 26.06.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131